ਡਾਇਰੈਕਟੋਰੇਟ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ।
ਈਟ ਪੰ.ਸ.ਸਿ.ਬੋਰਡ ਕੰਪਲੈਕਸ, ਫੇਜ਼-VIII, ਐਸ.ਏ.ਐਸ. ਨਗਰ।
(ਮੈਡੀਕਲ ਸੈੱਲ)

---

ਸੇਵਾ ਵਿਖੇ

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈਸਿ),
ਪੰਜਾਬ।

ਮੀਮੋ ਨੰ. 171714 2024104634
ਮਿਤੀ: 26/04/2024

ਵਿਸ਼ਾ:- ਵਿੱਤੀ ਸਾਲ 2023-24 ਵਿੱਚ ਮੰਨਜੂਰ ਹੋਈਆਂ ਮੈਡੀਕਲ ਕਲੇਮ ਸੈਕਸ਼ਨਾਂ ਦੀ ਅਦਾਇਗੀ ਨਾ ਹੋਣ ਸਬੰਧੀ।

1.0 ਉਪਰੋਕਤ ਵਿਸ਼ੇ ਸਬੰਧੀ ਲਿਖਿਆ ਜਾਂਦਾ ਹੈ ਕਿ ਇਸ ਦਫਤਰ ਨੂੰ ਅਧੀਨ ਦਫਤਰਾਂ ਤੋਂ ਪ੍ਰਾਪਤ ਹੋਏ ਮੈਡੀਕਲ ਕਲੇਮਾ ਦੀਆਂ ਵਿੱਤੀ ਸਾਲ 2023-24 ਲਈ ਮੰਨਜੂਰੀਆਂ ਜਾਰੀ ਕੀਤੀਆਂ ਗਈਆਂ ਸਨ। ਅਜਿਹੇ ਮੈਡੀਕਲ ਬਿਲਾਂ ਦੀਆਂ ਮਨਜੂਰੀਆਂ ਵਿਚੋਂ ਕੁਝ ਬਿਲਾਂ ਦੀ ਵਿੱਤੀ ਵਰ੍ਹ ਸਮਾਪਤ ਹੋ ਜਾਣ ਕਾਰਨ ਅਦਾਇਗੀ ਨਹੀਂ ਹੋ ਪਾਈ ਹੈ।

2.0 ਆਪ ਨੂੰ ਲਿਖਿਆ ਜਾਂਦਾ ਹੈ ਕਿ ਜਿਹੜੀਆਂ ਮਨਜੂਰੀਆਂ ਦੀ ਅਦਾਇਗੀ ਵਿੱਤੀ ਵਰ੍ਹ ਸਮਾਪਤ ਹੋ ਜਾਣ ਕਾਰਨ ਅਜੇ ਤੱਕ ਵੀ ਨਹੀਂ ਹੋਈ ਹੈ, ਉਨ੍ਹਾਂ ਮੰਨਜੂਰੀਆਂ ਦੇ ਜਾਰੀ ਨਾ ਹੋਣ ਦੇ ਕਾਰਨ ਸਪਸ਼ਟ ਕਰਦੇ ਹੋਏ ਅਸਲ ਮੰਨਜੂਰੀਆਂ ਦੀਆਂ ਸਾਰੀਆਂ ਕਾਪੀਆਂ ਇਸ ਦਫਤਰ ਨੂੰ ਵਾਪਿਸ ਲਿਸਟ ਬਣਾਕੇ ਭੇਜੀਆਂ ਜਾਣ।

3.0 ਜਿਲ੍ਹਾ ਸਿੱਖਿਆ ਅਫਸਰ (ਸੈਸਿ) ਆਪਣੇ ਅਧੀਨ ਆਉਂਦੇ ਸਮੂਹ ਸਕੂਲਾਂ/ਡੀ.ਡੀ.ਓ. ਤੋਂ ਪੈਡਿੰਗ ਮੰਨਜੂਰੀਆਂ ਦੀਆਂ ਕਾਪੀਆਂ ਇਕੱਤਰ ਕਰਨ ਉਪਰੰਤ ਕੰਸੋਲੀਡੇਟ ਕਰਕੇ ਮਿਤੀ 13.05.2024 ਤੱਕ ਹਰ ਹਾਲਤ ਵਿੱਚ ਇਸ ਦਫਤਰ ਨੂੰ ਭੇਜਣਾ ਯਕੀਨੀ ਬਣਾਉਣਗੇ।

4.0 ਨਿਸ਼ਚਿਤ ਮਿਤੀ ਤੋਂ ਬਾਅਦ ਪ੍ਰਾਪਤ ਪੈਡਿੰਗ ਮੰਨਜੂਰੀਆਂ ਦੇ ਵਿਚਾਰ ਨਹੀਂ ਕੀਤਾ ਜਾਵੇਗਾ। ਦੇਰੀ ਦੀ ਸੂਰਤ ਵਿੱਚ ਨਿਰੋਲ ਜਿੰਮੇਵਾਰੀ ਆਪ ਦੀ ਨਿੱਜੀ ਹੋਵੇਗੀ।

25.04.24
ਸਹਾਇਕ ਡਾਇਰੈਕਟਰ (ਮੈਡੀਕਲ ਸੈੱਲ)

ਦਫਤਰ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ), ਬਠਿੰਡਾ

ਪੱਤਰ ਨੰ:- ਸ-2/1( )2024/235 ਮਿਤੀ:- 2/5/24

ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁਖੀਆਂ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਉਪਰੋਕਤ ਮੰਗੀ ਗਈ ਸੂਚਨਾ ਮਿਤੀ 08-5-24 ਤੱਕ ਇਸ ਦਫਤਰ ਵਿਖੇ ਭੇਜਣੀਆਂ ਯਕੀਨੀ ਬਣਾਈਆਂ ਜਾਣ। ਨਿਸ਼ਚਿਤ ਮਿਤੀ ਤੋਂ ਬਾਅਦ ਪ੍ਰਾਪਤ ਮਨਜ਼ੂਰੀਆਂ ਇਸ ਦਫਤਰ ਵਿਖੇ ਜਮ੍ਹਾ ਨਹੀਂ ਕਰਵਾਈਆਂ ਜਾਣਗੀਆਂ ਇਨ੍ਹਾਂ ਮਨਜ਼ੂਰੀਆਂ ਨੂੰ ਸਮੇਂ ਦਫਤਰ ਵਿਖੇ ਪਹੁੰਚਾਉਣ ਦੀ ਜ਼ਿੰਮੇਵਾਰੀ ਸਕੂਲ ਮੁਖੀ ਦੀ ਖੁਦ ਦੀ ਹੋਵੇਗੀ।

2/5/24
ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)
ਬਠਿੰਡਾ।